ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਜਿਨ੍ਹਾਂ ਬਾਪ ਨੂੰ ਯਾਦ ਕਰੋਗੇ ਉਤਨਾ ਆਤਮਾ ਵਿੱਚ ਲਾਈਟ ਆਵੇਗੀ, ਗਿਆਨਵਾਨ ਆਤਮਾ ਚਮਕੀਲੀ ਬਣ ਜਾਂਦੀ ਹੈ"।

ਪ੍ਰਸ਼ਨ:- ਮਾਇਆ ਕਿਹੜੇ ਬੱਚਿਆਂ ਨੂੰ ਜ਼ਰਾ ਵੀ ਤੰਗ ਨਹੀਂ ਕਰ ਸਕਦੀ?

ਉੱਤਰ:- ਜੋ ਪੱਕੇ ਯੋਗੀ ਹਨ, ਜਿੰਨ੍ਹਾਂਨੇ ਯੋਗਬਲ ਨਾਲ ਆਪਣੀਆ ਸਰਵ ਕਰਮਿੰਦਰੀਆਂ ਨੂੰ ਸ਼ੀਤਲ ਬਣਾਇਆ ਹੈ, ਜੋ ਯੋਗ ਵਿੱਚ ਰਹਿਣ ਦੀ ਮਿਹਨਤ ਕਰਦੇ ਹਨ, ਉਨ੍ਹਾਂਨੂੰ ਜਰਾ ਵੀ ਮਾਇਆ ਤੰਗ ਨਹੀਂ ਕਰ ਸਕਦੀ। ਜਦੋਂ ਤੁਸੀਂ ਪੱਕੇ ਯੋਗੀ ਬਣ ਜਾਵੋਗੇ ਤਾਂ ਲਾਇਕ ਬਣੋਗੇ। ਲਾਇਕ ਬਣਨ ਦੇ ਲਈ ਪਿਓਰਟੀ ਫ਼ਸਟ ਹੈ।

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੂੰ ਬਾਪ ਬੈਠ ਸਮਝਾਉਂਦੇ ਹਨ। ਅਗਿਆਨ ਦੇ ਕਾਰਨ ਤੁਹਾਡੀ ਆਤਮਾ ਡਲ ਹੋ ਗਈ ਹੈ। ਹੀਰੇ ਵਿੱਚ ਚਮਕ ਹੁੰਦੀ ਹੈ, ਪੱਥਰ ਵਿੱਚ ਚਮਕ ਨਹੀਂ ਹੁੰਦੀ ਇਸ ਲਈ ਕਿਹਾ ਜਾਂਦਾ ਹੈ ਪੱਥਰ ਮਿਸਲ ਡਲ ਹੋ ਗਈ ਹੈ। ਫੇਰ ਜਾਗਦੀ ਹੈ ਤਾਂ ਕਿਹਾ ਜਾਂਦਾ ਹੈ ਇਹ ਜਿਵੇਂ ਪਾਰਸਮਨੀ ਹੈ। ਹੁਣ ਅਗਿਆਨ ਦੇ ਕਾਰਨ ਆਤਮਾ ਦੀ ਜਯੋਤੀ ਡਿਮ ਹੋ ਗਈ ਹੈ, ਕਾਲੀ ਨਹੀਂ ਹੁੰਦੀ ਹੈ। ਨਾਮ ਇਹ ਰੱਖਿਆ ਹੋਇਆ ਹੈ। ਆਤਮਾ ਸਭ ਦੀ ਇੱਕ ਜਿਹੀ ਹੁੰਦੀ ਹੈ, ਸ਼ਰੀਰਾਂ ਦੀ ਬਨਾਵਟ ਕਈ ਤਰ੍ਹਾਂ ਦੀ ਹੁੰਦੀ ਹੈ। ਆਤਮਾ ਤਾਂ ਇੱਕ ਹੀ ਹੈ। ਹੁਣ ਤੁਸੀਂ ਸਮਝਦੇ ਹੋ ਅਸੀਂ ਆਤਮਾ ਹਾਂ, ਬਾਪ ਦੇ ਬੱਚੇ ਹਾਂ। ਇਹ ਸਾਰਾ ਗਿਆਨ ਸੀ ਹੁਣ ਫੇਰ ਹੋਲੀ - ਹੋਲੀ ਨਿਕਲ ਗਿਆ ਹੈ। ਨਿਕਲਦਾ - ਨਿਕਲਦਾ ਅੰਤ ਵਿੱਚ ਕੁਝ ਨਹੀਂ ਰਹਿੰਦਾ ਤਾਂ ਕਹਾਂਗੇ ਅਗਿਆਨ। ਤੁਸੀਂ ਵੀ ਆਗਿਆਨੀ ਸੀ। ਹੁਣ ਗਿਆਨ ਦੇ ਸਾਗਰ ਨਾਲ ਗਿਆਨੀ ਬਣਦੇ ਜਾਂਦੇ ਹੋ, ਆਤਮਾ ਤਾਂ ਬਹੁਤ ਸੂਖਸ਼ਮ ਹੈ। ਇਨ੍ਹਾਂ ਅੱਖਾਂ ਨਾਲ ਵੇਖਣ ਵਿੱਚ ਨਹੀਂ ਆਉਂਦੀ। ਬਾਪ ਆਕੇ ਸਮਝਾਉਂਦੇ ਹਨ, ਬੱਚਿਆਂ ਨੂੰ ਨਾਲੇਜਫੁਲ ਬਣਾਉਂਦੇ ਹਨ, ਤਾਂ ਸੁਜਾਗ ਹੁੰਦੇ ਹੋ। ਘਰ - ਘਰ ਵਿੱਚ ਸੋਜਰਾ ਹੋ ਜਾਂਦਾ ਹੈ। ਹਾਲੇ ਘਰ - ਘਰ ਵਿੱਚ ਹਨ੍ਹੇਰਾ ਹੈ ਮਤਲਬ ਆਤਮਾ ਡਿਮ ਹੋ ਗਈ ਹੈ। ਹੁਣ ਬਾਪ ਕਹਿੰਦੇ ਹਨ ਮੈਨੂੰ ਯਾਦ ਕਰੋ ਤਾਂ ਲਾਈਟ ਆ ਜਾਵੇਗੀ ਫੇਰ ਤੁਸੀਂ ਗਿਆਨਵਾਨ ਬਣ ਜਾਵੋਗੇ। ਬਾਪ ਕਿਸੇ ਦੀ ਗਲਾਨੀ ਨਹੀਂ ਕਰਦੇ ਹਨ। ਇਹ ਤਾਂ ਡਰਾਮੇ ਦਾ ਰਾਜ਼ ਸਮਝਾਉਂਦੇ ਹਨ। ਬੱਚਿਆਂ ਨੂੰ ਕਿਹਾ ਹੈ ਨਾ ਇਹ ਤਾਂ ਮੂੜਮਤਿ ਹੋ ਗਏ ਹਨ। ਕੌਣ ਕਹਿੰਦੇ ਹਨ? ਬਾਪ। ਬੱਚੇ, ਤੁਹਾਡੀ ਕਿੰਨੀ ਸੁੰਦਰ ਬੁੱਧੀ ਬਣੀ ਸੀ ਸ਼੍ਰੀਮਤ ਤੇ। ਹੁਣ ਤੁਸੀਂ ਫੀਲ ਕਰਦੇ ਹੋ ਨਾ। ਤੁਹਾਨੂੰ ਗਿਆਨ ਮਿਲਿਆ ਹੈ। ਗਿਆਨ ਨੂੰ ਪੜ੍ਹਾਈ ਕਿਹਾ ਜਾਂਦਾ ਹੈ। ਬਾਪ ਦੀ ਪੜ੍ਹਾਈ ਨਾਲ ਸਾਡੀ ਜਯੋਤੀ ਜਗ ਗਈ ਹੈ, ਇਸਨੂੰ ਹੀ ਸੱਚੀ- ਸੱਚੀ ਦੀਪਮਾਲਾ ਕਿਹਾ ਜਾਂਦਾ ਹੈ। ਬੱਚਪਨ ਵਿੱਚ ਮਿੱਟੀ ਦੇ ਦੀਵੇ ਵਿੱਚ ਤੇਲ ਪਾਕੇ ਜਯੋਤੀ ਜਗਾਉਂਦੇ ਸਨ। ਉਹ ਤਾਂ ਰਸਮ ਚਲਦੀ ਰਹਿੰਦੀ ਹੈ। ਉਸ ਨਾਲ ਕੋਈ ਦੀਪਮਾਲਾ ਨਹੀਂ ਹੁੰਦੀ। ਇਹ ਤਾਂ ਜੋ ਆਤਮਾ ਅੰਦਰ ਹੈ, ਉਹ ਡਿਮ ਹੋ ਗਈ ਹੈ। ਉਨ੍ਹਾਂ ਦੀ ਜਯੋਤੀ ਆਕੇ ਬਾਪ ਜਗਾਉਂਦੇ ਹਨ। ਬੱਚਿਆਂ ਨੂੰ ਆਕੇ ਨਾਲੇਜ ਦਿੰਦੇ ਹਨ, ਪੜ੍ਹਾਉਂਦੇ ਹਨ। ਸਕੂਲ ਵਿੱਚ ਟੀਚਰ ਪੜ੍ਹਾਉਂਦੇ ਹਨ ਨਾ। ਉਹ ਹੈ ਹੱਦ ਦੀ ਨਾਲੇਜ, ਇਹ ਹੈ ਬੇਹੱਦ ਦੀ ਨਾਲੇਜ਼। ਕੋਈ ਸਾਧੂ - ਸੰਤ ਵੀ ਪੜ੍ਹਾਉਂਦੇ ਹਨ ਕੀ ! ਰਚਿਯਤਾ ਅਤੇ ਰਚਨਾ ਦੇ ਆਦਿ, ਮੱਧ, ਅਤੇ ਅੰਤ ਦੀ ਨਾਲੇਜ ਕਦੋਂ ਸੁਣੀ? ਕਦੇ ਕਿਸੇ ਨੇ ਆਕੇ ਪੜ੍ਹਾਈ? ਜਾਕੇ ਦੇਖੋ ਕਿਥੇ ਇਹ ਨਾਲੇਜ ਪੜ੍ਹਾਉਂਦੇ ਹਨ? ਸਿਰਫ਼ ਇੱਕ ਬਾਪ ਹੀ ਪੜ੍ਹਾਉਂਦੇ ਹਨ ਤਾਂ ਉਨ੍ਹਾਂ ਤੋਂ ਪੜ੍ਹਨਾ ਚਾਹੀਦਾ ਹੈ। ਬਾਪ ਅਚਾਨਕ ਹੀ ਆ ਜਾਂਦੇ ਹਨ। ਢਿੰਡੋਰਾ ਥੋੜ੍ਹੀ ਨਾ ਪਿੱਟਦੇ ਹਨ ਕੀ ਮੈਂ ਆ ਰਿਹਾ ਹਾਂ। ਅਚਾਨਕ ਹੀ ਆਕੇ ਪ੍ਰਵੇਸ਼ ਕਰਦੇ ਹਨ। ਉਹ ਆਵਾਜ਼ ਤਾਂ ਕਰ ਹੀ ਨਹੀਂ ਸਕਦੇ ਜਦੋਂ ਤੱਕ ਉਨ੍ਹਾਂ ਨੂੰ ਆਰਗਨਸ ਨਾਂ ਮਿਲਣ। ਆਤਮਾ ਵੀ ਆਰਗਨਸ ਤੋਂ ਬਿਨਾਂ ਆਵਾਜ਼ ਨਹੀਂ ਕਰ ਸਕਦੀ, ਸ਼ਰੀਰ ਵਿੱਚ ਜਦ ਆਈ ਹੈ, ਉਦੋਂ ਆਵਾਜ਼ ਕਰਦੀ ਹੈ। ਤੁਸੀਂ ਸਮਝਾਓ ਤਾਂ ਕੀ ਮੰਨਣਗੇ ਨਹੀਂ। ਬੱਚਿਆਂ ਨੂੰ ਜਦ ਇਹ ਨਾਲੇਜ ਦਿੱਤੀ ਜਾਂਦੀ ਹੈ ਤਾਂ ਸਮਝਦੇ ਹਨ। ਇਹ ਨਾਲੇਜ ਇੱਕ ਬਾਪ ਦੇ ਸਿਵਾਏ ਕੋਈ ਦੇ ਨਹੀਂ ਸਕਦਾ। ਵਿਨਾਸ਼ ਦਾ ਸਾਖਸ਼ਤਕਾਰ ਵੀ ਕੋਈ ਚਾਉਂਦੇ ਥੋੜ੍ਹੀ ਨਾ ਹਨ। ਇਹ ਬਾਪ ਹੀ ਆਕੇ ਕਰਵਾਉਂਦੇ ਹਨ। ਡਰਾਮੇ ਅਨੁਸਾਰ ਪੁਰਾਣੀ ਦੁਨੀਆਂ ਹੁਣ ਖ਼ਤਮ ਹੋਣੀ ਹੈ। ਨਵੀਂ ਦੁਨੀਆਂ ਸਥਾਪਨ ਹੋ ਰਹੀ ਹੈ। ਜਿੰਨ੍ਹਾਂਨੇ ਬਾਪ ਤੋਂ ਨਾਲੇਜ ਲੈਣੀ ਹੈ ਉਹ ਆਉਂਦੇ ਰਹਿੰਦੇ ਹਨ। ਕਿਨਿਆਂ ਨੂੰ ਗਿਆਨ ਦਿੱਤਾ ਹੋਵੇਗਾ? ਅਣਗਿਣਤ, ਪਿੰਡ - ਪਿੰਡ ਤੋਂ ਕਿੰਨੇ ਢੇਰ ਆਉਂਦੇ ਹਨ। ਇਹ ਆਤਮਾਵਾਂ ਅਤੇ ਪ੍ਰਮਾਤਮਾ ਦਾ ਮੇਲਾ ਇੱਕ ਹੀ ਵਾਰ ਲਗਦਾ ਹੈ। ਸੰਗਮਯੁੱਗ ਤੇ ਹੀ ਆਉਂਦੇ ਹਨ। ਬਾਪ ਆਕੇ ਨਵੀਂ ਦੁਨੀਆਂ ਸਥਾਪਨ ਕਰਦੇ ਹਨ। ਜਿਨ੍ਹਾਂ ਦੀ ਜਯੋਤੀ ਜਗਾਉਂਦੇ ਹਨ ਉਹ ਫੇਰ ਜਾਕੇ ਹੋਰਾਂ ਦੀ ਜਯੋਤੀ ਜਗਾਉਂਦੇ ਹਨ। ਹੁਣ ਤੁਸੀਂ ਸਭ ਨੇ ਵਾਪਿਸ ਜਾਣਾ ਹੈ। ਇਸ ਵਿੱਚ ਬੁੱਧੀ ਨਾਲ ਕੰਮ ਲੈਣਾ ਹੁੰਦਾ ਹੈ। ਭਗਤੀ ਮਾਰਗ ਵਿੱਚ ਤਾਂ ਹੈ ਹਨ੍ਹੇਰਾ। ਗਿਆਨ ਦੇਣ ਵਾਲਾ ਤਾਂ ਇੱਕ ਬਾਪ ਚਾਹੀਦਾ ਹੈ। ਉਹ ਆਉਂਦੇ ਹੀ ਹਨ ਸੰਗਮ ਤੇ। ਪੁਰਾਣੀ ਦੁਨੀਆਂ ਵਿੱਚ ਗਿਆਨ ਮਿਲ ਨਾ ਸਕੇ। ਮਨੁੱਖਾਂ ਦੇ ਖ਼ਿਆਲ ਵਿੱਚ ਹੈ ਹਾਲੇ ਤੇ 40 ਹਜ਼ਾਰ ਵਰ੍ਹੇ ਪਏ ਹਨ, ਬਿਲਕੁਲ ਹੀ ਘੋਰ ਹਨ੍ਹੇਰੇ ਵਿੱਚ ਹਨ। ਸਮਝਦੇ ਹਨ 40 ਹਜ਼ਾਰ ਵਰ੍ਹਿਆਂ ਬਾਦ ਭਗਵਾਨ ਆਉਣਗੇ। ਜ਼ਰੂਰ ਆਕੇ ਗਿਆਨ ਦੇਕੇ ਸਦਗਤੀ ਕਰਨਗੇ ਤਾਂ ਗੋਇਆ ਅਗਿਆਨ ਹੈ ਨਾ। ਇਸ ਨੂੰ ਅਗਿਆਨ ਹਨ੍ਹੇਰਾ ਕਿਹਾ ਜਾਂਦਾ ਹੈ। ਅਗਿਆਨ ਵਾਲਿਆਂ ਨੂੰ ਗਿਆਨ ਚਾਹੀਦਾ ਹੈ। ਭਗਤੀ ਨੂੰ ਗਿਆਨ ਨਹੀਂ ਕਿਹਾ ਜਾਂਦਾ ਹੈ। ਆਤਮਾ ਵਿੱਚ ਗਿਆਨ ਹੈ ਨਹੀਂ ਪਰੰਤੂ ਡਲ ਬੁੱਧੀ ਹੋਣ ਦੇ ਕਾਰਨ ਸਮਝਦੇ ਹਨ ਭਗਤੀ ਹੀ ਗਿਆਨ ਹੈ। ਇੱਕ ਤਰਫ਼ ਕਹਿੰਦੇ ਹਨ ਗਿਆਨ ਸੂਰਜ ਦੇ ਆਉਣ ਨਾਲ ਚਾਨਣ ਹੋਵੇਗਾ, ਪਰੰਤੂ ਸਮਝਦੇ ਕੁਝ ਵੀ ਨਹੀਂ। ਗਾਉਂਦੇ ਹਨ ਗਿਆਨ ਸੂਰਜ ਪ੍ਰਗਟਿਆ... ਕਿਸਦੇ ਲਈ ਕਹਿੰਦੇ ਹਨ ਗਿਆਨ ਸੂਰਜ? ਕਦੋਂ ਆਇਆ ਇਹ ਕੋਈ ਨਹੀਂ ਜਾਣਦਾ। ਪੰਡਿਤ ਆਦਿ ਹੋਵੇਗਾ ਤਾਂ ਕਹੇਗਾ ਜਦੋਂ ਕਲਯੁਗ ਪੂਰਾ ਹੋਵੇਗਾ ਉਦੋਂ ਚਾਨਣ ਹੋਵੇਗਾ। ਇਹ ਸਭ

ਗੱਲਾਂ ਬਾਪ ਆਕੇ ਸਮਝਾਉਂਦੇ ਹਨ। ਬੱਚੇ ਨੰਬਰਵਾਰ ਸਮਝਦੇ ਹਨ। ਟੀਚਰ ਬੱਚਿਆਂ ਨੂੰ ਪੜ੍ਹਾਉਂਦੇ ਹਨ, ਇੱਕ ਜਿਹਾ ਤਾਂ ਬੱਚੇ ਨਹੀਂ ਪੜ੍ਹਨਗੇ। ਪੜ੍ਹਾਈ ਵਿੱਚ ਇਕੋ ਜਿਹੇ ਨੰਬਰ ਕਦੇ ਹੁੰਦੇ ਨਹੀਂ।

ਤੁਸੀਂ ਜਾਣਦੇ ਹੋ ਕਿ ਬੇਹੱਦ ਦਾ ਬਾਪ ਆਇਆ ਹੋਇਆ ਹੈ। ਪੁਰਾਣੀ ਦੁਨੀਆ ਦਾ ਵਿਨਾਸ਼ ਵੀ ਸਾਮਣੇ ਖੜ੍ਹਾ ਹੈ। ਹੁਣ ਹੀ ਬਾਪ ਤੋਂ ਗਿਆਨ ਲੈਣਾ ਹੈ ਅਤੇ ਯੋਗ ਵੀ ਸਿੱਖਣਾ ਹੈ। ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਬਾਪ ਕਹਿੰਦੇ ਹਨ ਇਸ ਸੰਗਮ ਤੇ ਹੀ ਆਕੇ ਇਸ ਸ਼ਰੀਰ ਦਾ ਲੋਣ ਲੈਂਦਾ ਹਾਂ। ਮਤਲਬ ਪ੍ਰਕ੍ਰਿਤੀ ਦਾ ਆਧਾਰ ਲੈਂਦਾ ਹਾਂ। ਗੀਤਾ ਵਿੱਚ ਵੀ ਇਹ ਅੱਖਰ ਹੈ, ਹੋਰ ਕਿਸੇ ਸ਼ਾਸਤਰ ਦਾ ਨਾਮ ਬਾਬਾ ਨਹੀਂ ਲੈਂਦੇ ਹਨ। ਇੱਕ ਹੀ ਗੀਤਾ ਹੈ। ਇਹ ਹੈ ਹੀ ਰਾਜਯੋਗ ਦੀ ਪੜ੍ਹਾਈ। ਨਾਮ ਰੱਖ ਦਿੱਤਾ ਹੈ ਗੀਤਾ। ਇਸ ਵਿੱਚ ਪਹਿਲਾਂ - ਪਹਿਲਾਂ ਲਿਖਿਆ ਹੈ ਭਗਵਾਨੁਵਾਚ। ਹੁਣ ਭਗਵਾਨ ਕਿਸਨੂੰ ਕਿਹਾ ਜਾਂਦਾ ਹੈ? ਭਗਵਾਨ ਤਾਂ ਹੈ ਨਿਰਾਕਾਰ, ਉਨ੍ਹਾਂ ਦਾ ਆਪਣਾ ਸ਼ਰੀਰ ਤਾਂ ਨਹੀ ਨਹੀਂ। ਉਹ ਹੈ ਨਿਰਾਕਾਰੀ ਦੁਨੀਆਂ, ਜਿਥੇ ਆਤਮਾਵਾਂ ਰਹਿੰਦੀਆਂ ਹਨ। ਸੂਖਸ਼ਮ ਵਤਨ ਨੂੰ ਦੁਨੀਆਂ ਨਹੀਂ ਕਿਹਾ ਜਾਂਦਾ। ਇਹ ਹੈ ਸਥੂਲ ਸਾਕਾਰ ਦੁਨੀਆਂ, ਉਹ ਹੈ ਆਤਮਾਵਾਂ ਦੀ ਦੁਨੀਆਂ। ਖੇਲ੍ਹ ਸਾਰਾ ਇੱਥੇ ਚਲਦਾ ਹੈ। ਨਿਰਾਕਾਰੀ ਦੁਨੀਆਂ ਵਿੱਚ ਆਤਮਾਵਾਂ ਕਿੰਨੀਆਂ ਛੋਟੀਆਂ - ਛੋਟੀਆਂ ਹਨ। ਫੇਰ ਪਾਰਟ ਵਜਾਉਣ ਆਉਂਦੀਆਂ ਹਨ। ਇਹ ਖਿਆਲਾਤ ਤੁਹਾਨੂੰ ਬੱਚਿਆਂ ਨੂੰ ਹੀ ਬੁੱਧੀ ਵਿੱਚ ਬਿਠਾਏ ਜਾਂਦੇ ਹਨ। ਇਸ ਨੂੰ ਗਿਆਨ ਕਿਹਾ ਜਾਂਦਾ ਹੈ। ਵੇਦ ਸ਼ਾਸਤਰ ਨੂੰ ਕਿਹਾ ਜਾਂਦਾ ਹੈ ਭਗਤੀ, ਗਿਆਨ ਨਹੀਂ। ਤੁਹਾਡੀ ਸਾਧੂ ਸੰਨਿਆਸੀਆਂ ਨਾਲ ਇੰਨੀ ਮੁਲਾਕਾਤ ਨਹੀਂ ਹੋਈ ਹੈ, ਬਾਬਾ ਦਾ ਤੇ ਬਹੁਤ ਸੰਗ ਰਿਹਾ ਹੈ। ਬਹੁਤ ਗੁਰੂ ਕੀਤੇ ਹਨ। ਪੁੱਛਿਆ ਜਾਂਦਾ ਹੈ ਤੁਸੀਂ ਸੰਨਿਆਸ ਕਿਓਂ ਕੀਤਾ? ਘਰ - ਬਾਰ ਕਿਓਂ ਛੱਡਿਆ? ਕਹਿੰਦੇ ਸਨ ਵਿਕਾਰ ਨਾਲ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਇਸ ਲਈ ਘਰ - ਬਾਰ ਛੱਡਿਆ। ਅੱਛਾ, ਜੰਗਲ ਵਿੱਚ ਜਾਕੇ ਰਹਿੰਦੇ ਹੋ ਫੇਰ ਘਰ - ਬਾਰ ਦੀ ਯਾਦ ਆਉਂਦੀ ਹੋਵੇਗੀ? ਬੋਲਾ ਹਾਂ। ਬਾਬਾ ਦਾ ਤੇ ਵੇਖਿਆ ਹੋਇਆ ਹੈ ਇੱਕ ਸੰਨਿਆਸੀ ਤਾਂ ਫਿਰ ਵਾਪਿਸ ਘਰ ਵੀ ਗਿਆ ਸੀ। ਇਹ ਵੀ ਸ਼ਾਸਤਰਾਂ ਵਿੱਚ ਹੈ। ਮਨੁੱਖ ਵਾਣਪ੍ਰਸਥ ਅਵਸਥਾ ਵਿੱਚ ਉਦੋਂ ਜਾਂਦੇ ਹਨ ਜਦੋਂ ਉੱਮਰ ਵੱਡੀ ਹੋ ਜਾਂਦੀ ਹੈ, ਛੋਟੀ ਉਮਰ ਵਿੱਚ ਤਾਂ ਵਾਣਪ੍ਰਸਥ ਲੈ ਨਹੀਂ ਸਕਦੇ। ਕੁੰਭ ਦੇ ਮੇਲੇ ਵਿੱਚ ਬਹੁਤ ਛੋਟੇ - ਛੋਟੇ ਨਾਂਗੇ ਲੋਕ ਆਉਂਦੇ ਹਨ। ਦਵਾਈ ਖਵਾਉਂਦੇ ਹਨ, ਜਿਸ ਨਾਲ ਕਰਮਿੰਦਰੀਆਂ ਠੰਡੀਆਂ ਪੈ ਜਾਂਦੀਆਂ ਹਨ। ਤੁਹਾਡਾ ਤਾਂ ਹੈ ਯੋਗਬਲ ਨਾਲ ਕਰਮਿੰਦਰੀਆਂ ਨੂੰ ਵਸ ਵਿੱਚ ਕਰਨਾ। ਯੋਗਬਲ ਨਾਲ ਵਸ ਹੁੰਦੇ - ਹੁੰਦੇ ਅਖ਼ੀਰ ਠੰਡੀਆਂ ਹੋ ਹੀ ਜਾਣਗੀਆਂ। ਕਿ ਕਹਿੰਦੇ ਹਨ ਬਾਬਾ ਮਾਇਆ ਬਹੁਤ ਤੰਗ ਕਰਦੀ ਹੈ। ਉੱਥੇ ਤਾਂ ਅਜਿਹੀਆਂ ਗੱਲਾਂ ਹੁੰਦੀਆਂ ਨਹੀਂ। ਕਰਮਿੰਦਰੀਆਂ ਵਸ ਉਦੋਂ ਹੋਣਗੀਆਂ ਜਦੋਂ ਯੋਗ ਵਿੱਚ ਤੁਸੀਂ ਪੱਕੇ ਹੋਵੋਗੇ। ਕਰਮਿੰਦਰੀਆਂ ਸ਼ਸਾਂਤ ਹੋ ਜਾਣਗੀਆਂ। ਇਸ ਵਿੱਚ ਬੜੀ ਮਿਹਨਤ ਹੈ। ਉੱਥੇ ਅਜਿਹੇ ਛੀ - ਛੀ ਕੰਮ ਹੁੰਦੇ ਨਹੀਂ। ਬਾਪ ਆਏ ਹਨ ਅਜਿਹੇ ਸਵਰਗਧਾਮ ਵਿੱਚ ਲੈ ਜਾਣ। ਤੁਹਾਨੂੰ ਲਾਇਕ ਬਣਾ ਰਹੇ ਹਨ। ਮਾਇਆ ਤੁਹਾਨੂੰ ਨਾਲਾਇਕ ਬਣਾਉਂਦੀ ਹੈ। ਮਤਲਬ ਸ੍ਵਰਗ ਜਾਂ ਮੁਕਤੀਧਾਮ ਵਿੱਚ ਚਲਣ ਲਾਇਕ ਨਹੀਂ। ਤਾਂ ਬਾਪ ਬੈਠ ਲਾਇਕ ਬਣਾਉਂਦੇ ਹਨ। ਉਸਦੇ ਲਈ ਪਿਓਰਟੀ ਹੈ ਫ਼ਸਟ। ਗਾਉਂਦੇ ਵੀ ਹਨ - ਬਾਬਾ, ਅਸੀਂ ਪਤਿਤ ਬਣ ਗਏ ਹਾਂ, ਸਾਨੂੰ ਆਕੇ ਪਾਵਨ ਬਣਾਓ | ਪਾਵਨ ਮਾਨਾ ਪਵਿੱਤਰ, ਗਾਇਨ ਵੀ ਹੈ ਅੰਮ੍ਰਿਤ ਛੱਡ ਵਿਸ਼ ਕਾਹੇ ਨੂੰ ਖਾਓ। ਉਸਦਾ ਦਾ ਨਾਮ ਵਿਸ਼ ਵੀ ਹੈ, ਜੋ ਆਦਿ ਮੱਧ ਅੰਤ ਦੁੱਖ ਦਿੰਦਾ ਹੈ। ਇਹ ਵੀ ਡਰਾਮੇ ਵਿੱਚ ਨੂੰਧ ਹੈ। ਬਾਪ ਕਿੰਨੀ ਵਾਰ ਆਏ ਹਨ, ਤੁਹਾਨੂੰ ਬੱਚਿਆਂ ਨੂੰ ਆਕੇ ਮਿਲੇ ਹਨ। ਤੁਹਾਨੂੰ ਕਨਿਸ਼ਟ ਤੋਂ ਉੱਤਮ ਪੁਰਖ ਬਣਾਇਆ ਜਾਂਦਾ ਹੈ। ਆਤਮਾ ਪਵਿੱਤਰ ਹੁੰਦੀ ਹੈ ਤਾਂ ਉੱਮਰ ਵੀ ਵੱਡੀ ਹੋ ਜਾਂਦੀ ਹੈ। ਹੈਲਥ, ਵੈਲਥ ਅਤੇ ਹੈਪੀਨੈਸ ਸਭ ਮਿਲ ਜਾਂਦੀ ਹੈ। ਇਹ ਵੀ ਤੁਸੀਂ ਬੋਰਡ ਤੇ ਲਿਖ ਸਕਦੇ ਹੋ। ਹੈਲਥ, ਵੈਲਥ, ਹੈਪੀਨੈਸ ਫਾਰ 21 ਜਨਰੇਸ਼ਨ ਵਨ ਸੈਕਿੰਡ। ਬਾਪ ਤੋਂ ਇਹ ਵਰਸਾ ਮਿਲਦਾ ਹੈ 21 ਜਨਮਾਂ ਦੇ ਲਈ। ਕਈ ਬੱਚੇ ਬੋਰਡ ਲਗਾਉਣ ਤੋਂ ਵੀ ਡਰਦੇ ਹਨ। ਬੋਰਡ ਤਾਂ ਸਭ ਦੇ ਘਰ ਰਹਿੰਦਾ ਹੀ ਹੈ। ਤੁਸੀਂ ਸਰਜਨ ਦੇ ਬੱਚੇ ਹੋ ਨਾ। ਤੁਹਾਨੂੰ ਹੈਲਥ, ਵੈਲਥ, ਹੈਪੀਨੈਸ ਸਭ ਮਿਲਦੀ ਹੈ। ਤਾਂ ਤੁਸੀਂ ਫੇਰ ਹੋਰਾਂ ਨੂੰ ਦੇਵੋ। ਦੇ ਸਕਦੇ ਹੋ ਤਾਂ ਕਿਓਂ ਨਹੀਂ ਬੋਰਡ ਤੇ ਲਿਖ਼ ਦਿੰਦੇ ਹੋ! ਤਾਂ ਮਨੁੱਖ ਆਕੇ ਸਮਝਣ ਕਿ ਭਾਰਤ ਵਿੱਚ ਅੱਜ ਤੋਂ 5 ਹਜ਼ਾਰ ਵਰ੍ਹੇ ਪਹਿਲਾਂ ਹੈਲਥ- ਵੈਲਥ ਸੀ, ਪਵਿੱਤਰਤਾ ਵੀ ਸੀ। ਬੇਹੱਦ ਦੇ ਬਾਪ ਦਾ ਵਰਸਾ ਇੱਕ ਸੈਕਿੰਡ ਵਿੱਚ। ਤੁਹਾਡੇ ਕੋਲ ਬਹੁਤ ਆਉਣਗੇ। ਤੁਸੀਂ ਬੈਠ ਸਮਝਾਓ ਇਹ ਹੀ ਭਾਰਤ ਸੋਨੇ ਦੀ ਚਿੜੀਆ ਸੀ, ਇੰਨਾਂ ਦਾ ਹੀ ਰਾਜ ਸੀ। ਫੇਰ ਇਹ ਕਿੱਥੇ ਗਏ? 84 ਜਨਮ ਪਹਿਲਾਂ ਇਹ ਲੈਣਗੇ। ਇਹ ਨੰਬਰਵਨ ਹਨ ਨਾ, ਇਹ ਹੀ ਫਿਰ ਅਖ਼ੀਰ ਵਿੱਚ ਆਉਂਦੇ ਹਨ। ਬਾਪ ਕਹਿੰਦੇ ਹਨ ਹੁਣ ਤੁਹਾਡਾ 84 ਦਾ ਚੱਕਰ ਪੂਰਾ ਹੋਇਆ। ਫੇਰ ਸ਼ੁਰੂ ਹੋਣਾ ਹੈ। ਬੇਹੱਦ ਦਾ ਬਾਪ ਆਕੇ ਇਹ ਪਦ ਪ੍ਰਾਪਤ ਕਰਵਾਉਂਦੇ ਹਨ। ਸਿਰ੍ਫ ਕਹਿੰਦੇ ਹਨ, ਤੁਸੀਂ ਮੈਨੂੰ ਯਾਦ ਕਰੋ ਤਾਂ ਪਾਵਨ ਬਣ ਜਾਵੋਗੇ। 84 ਜਨਮਾਂ ਨੂੰ ਜਾਣਕੇ ਬਾਪ ਤੋਂ ਵਰਸਾ ਲੈਣਾ ਹੈ। ਪਰੰਤੂ ਪੜ੍ਹਾਈ ਤੇ ਚਾਹੀਦੀ ਹੈ ਨਾ।

ਤੁਹਾਨੂੰ ਕਿਹਾ ਜਾਂਦਾ ਹੈ ਸਵਦਰਸ਼ਨ ਚੱਕਰਧਾਰੀ। ਨਵਾਂ ਤਾਂ ਕੋਈ ਸਮਝ ਨਹੀਂ ਸਕਦਾ। ਤੁਸੀਂ ਜਾਣਦੇ ਹੋ ਸਵ ਆਤਮਾ ਨੂੰ ਕਿਹਾ ਜਾਂਦਾ ਹੈ। ਅਸੀਂ ਆਤਮਾ ਜੋ ਪਵਿੱਤਰ ਸੀ, ਸ਼ੁਰੂ ਤੋਂ ਲੈਕੇ 84 ਦਾ ਚੱਕਰ ਲਗਾਇਆ। ਉਹ ਵੀ ਬਾਪ ਦਸਦੇ ਹਨ, ਤੁਸੀਂ ਪਹਿਲਾਂ - ਪਹਿਲਾਂ ਸ਼ਿਵ ਦੀ ਭਗਤੀ ਸ਼ੁਰੂ ਕੀਤੀ। ਤੁਸੀਂ ਤਾਂ ਅਵਿਭਚਾਰੀ ਭਗਤ ਸੀ। ਬਾਪ ਦੇ ਸਿਵਾਏ ਕੋਈ ਸਮਝਾ ਨਹੀਂ ਸਕਦਾ। ਬਾਪ ਕਹਿੰਦੇ ਹਨ ਮਿੱਠੇ - ਮਿੱਠੇ ਬੱਚਿਓ ਤੁਸੀਂ ਪਹਿਲਾਂ - ਪਹਿਲਾਂ ਇਹ ਜਨਮ ਲਿਆ। ਕੋਈ ਸ਼ਾਹੂਕਾਰ ਹੋਵੇਗਾ ਤਾਂ ਕਹਿਣਗੇ ਕਿ ਪਹਿਲੇ ਜਨਮ ਵਿੱਚ ਇਸਨੇ ਅਜਿਹਾ ਕਰਮ ਕੀਤਾ ਹੈ। ਕੋਈ ਰੋਗੀ ਹੋਵੇਗਾ ਤਾਂ ਕਹਿਣਗੇ ਪਿਛਲੇ ਕਰਮ ਦਾ ਹਿਸਾਬ- ਕਿਤਾਬ ਹੈ। ਅੱਛਾ, ਇਨ੍ਹਾਂ ਲਕਸ਼ਮੀ - ਨਾਰਾਇਣ ਨੇ ਕਿਹੜੇ ਕਰਮ ਕੀਤੇ? ਇਹ ਬਾਪ ਬੈਠ ਸਮਝਾਉਂਦੇ ਹਨ। ਇਨ੍ਹਾਂ ਦੇ 84 ਜਨਮ ਪੂਰੇ ਹੋਏ ਫੇਰ ਫ਼ਸਟ ਨੰਬਰ ਵਿੱਚ ਆਉਣਾ ਹੈ। ਭਗਵਾਨ ਸੰਗਮਯੁੱਗ ਤੇ ਹੀ ਆਕੇ ਰਾਜਯੋਗ ਸਿਖਾਉਂਦੇ ਹਨ। ਹੁਣ ਤੁਸੀਂ ਸਮਝ ਰਹੇ ਹੋ ਕਿ ਬਾਬਾ ਸਾਨੂੰ ਰਾਜਯੋਗ ਸਿਖਲਾ ਰਹੇ ਹਨ। ਫੇਰ ਵੀ ਤੁਸੀਂ ਭੁੱਲ ਜਾਵੋਗੇ। ਕਰਮ, ਅਕਰਮ ਅਤੇ ਵਿਕਰਮ ਦੀ ਗੁਪਤ ਗਤੀ ਬਾਪ ਨੇ ਸਮਝਾਈ ਹੈ, ਰਾਵਣ ਰਾਜ

ਵਿੱਚ ਤੁਹਾਡੇ ਕਰਮ ਵਿਕਰਮ ਹੋ ਜਾਂਦੇ ਹਨ। ਉੱਥੇ ਕਰਮ ਅਕਰਮ ਹੁੰਦੇ ਹਨ। ਉੱਥੇ ਰਾਵਣ ਰਾਜ ਨਹੀਂ। ਵਿਕਾਰ ਹੁੰਦਾ ਨਹੀਂ। ਉੱਥੇ ਹੈ ਹੀ ਯੋਗਬਲ ਜਦਕਿ ਯੋਗਬਲ ਨਾਲ ਅਸੀਂ ਵਿਸ਼ਵ ਦੇ ਮਾਲਿਕ ਬਣਦੇ ਹਾਂ ਤਾਂ ਜ਼ਰੂਰ ਪਵਿੱਤਰ ਦੁਨੀਆਂ ਵੀ ਚਾਹੀਦੀ ਹੈ। ਪੁਰਾਣੀ ਦੁਨੀਆਂ ਨੂੰ ਅਪਵਿੱਤਰ, ਨਵੀਂ ਦੁਨੀਆਂ ਨੂੰ ਪਵਿੱਤਰ ਦੁਨੀਆਂ ਕਿਹਾ ਜਾਂਦਾ ਹੈ। ਉਹ ਹੈ ਵਾਇਸਲੈਸ ਵਰਲਡ, ਇਹ ਹੈ ਵਿਸ਼ਸ਼ ਵਰਲਡ। ਬਾਪ ਹੀ ਆਕੇ ਵੈਸ਼ਲਿਆ ਨੂੰ ਸ਼ਿਵਾਲਿਯ ਬਣਾਉਂਦੇ ਹਨ। ਸਤਿਯੁਗ ਹੈ ਸ਼ਿਵਾਲਿਯ। ਸ਼ਿਵਬਾਬਾ ਆਕੇ ਤੁਹਾਨੂੰ ਸਤਿਯੁਗ ਦੇ ਲਈ ਲਾਇਕ ਬਣਾ ਰਹੇ ਹਨ। ਲਕਸ਼ਮੀ - ਨਾਰਾਇਣ ਦੇ ਮੰਦਿਰ ਵਿੱਚ ਜਾਕੇ ਤੁਸੀਂ ਪੁੱਛ ਸਕਦੇ ਹੋ। ਤੁਹਾਨੂੰ ਪਤਾ ਹੈ ਇਨ੍ਹਾਂਨੇ ਇਹ ਪਦ ਕਿਵ਼ੇਂ ਪ੍ਰਾਪਤ ਕੀਤਾ? ਵਿਸ਼ਵ ਦੇ ਮਾਲਿਕ ਕਿਵੇਂ ਬਣੇ? ਬਾਪ ਕਹਿੰਦੇ ਹਨ ਤੁਸੀਂ ਨਹੀਂ ਜਾਣਦੇ ਹੋ, ਅਸੀਂ ਜਾਣਦੇ ਹਾਂ। ਤੁਸੀਂ ਬਾਪ ਦੇ ਬੱਚੇ ਹੀ ਕਹਿ ਸਕਦੇ ਹੋ ਕਿ ਅਸੀਂ ਤੁਹਾਨੂੰ ਦੱਸ ਸਕਦੇ ਹਾਂ- ਇਨ੍ਹਾਂ ਨੇ ਇਹ ਪਦ ਕਿਵੇਂ ਪਾਇਆ। ਇਨ੍ਹਾਂ ਨੇ ਹੀ ਪੂਰੇ 84 ਜੰਨਮ ਲੀਤੇ ਫੈਰ ਪੁਰਸ਼ੋਤਮ ਸੰਗਮਯੁੱਗ ਤੇ ਆਕੇ ਬਾਪ ਨੇ ਰਾਜਯੋਗ ਸਿਖਾਇਆ ਹੈ ਅਤੇ ਰਾਜਾਈ ਦਿੱਤੀ ਹੈ। ਉਸ ਤੋਂ ਪਹਿਲਾਂ ਨੰਬਰਵਨ ਪਤਿਤ ਸਨ ਫੇਰ ਨੰਬਰਵਨ ਪਾਵਨ ਬਣੇ। ਸਾਰੀ ਰਾਜਧਾਨੀ ਹੈ ਨਾ। ਤੁਹਾਡੇ ਚਿੱਤਰਾਂ ਵਿੱਚ ਸਭ ਕਲੀਅਰ ਹੈ - ਇਨ੍ਹਾਂ ਨੂੰ ਰਾਜਯੋਗ ਕਿਸਨੇ ਸਿਖਾਇਆ। ਉੱਚ ਤੇ ਉੱਚ ਹੈ ਹੀ ਪਰਮਾਤਮਾ। ਦੇਵਤੇ ਤਾਂ ਸਿਖਲਾ ਨਹੀਂ ਸਕਦੇ ਭਗਵਾਨ ਹੀ ਸਿਖਲਾਉਂਦੇ ਹਨ, ਜਿਸ ਨੂੰ ਨਾਲੇਜ ਕਿਹਾ ਜਾਂਦਾ ਹੈ। ਬਾਪ ਟੀਚਰ ਸਤਿਗੁਰੂ ਵੀ ਕਿਹਾ ਜਾਂਦਾ ਹੈ।

ਇਹ ਸਭ ਗੱਲਾਂ ਉਹ ਹੀ ਸਮਝ ਸਕਦੇ ਹਨ ਜਿਸਨੇ ਸ਼ੂਰੂ ਵਿੱਚ ਸ਼ਿਵ ਦੀ ਭਗਤੀ ਕੀਤੀ ਹੋਵੇਗੀ। ਮੰਦਿਰ ਬਣਾਉਣ ਵਾਲਿਆਂ ਨੂੰ ਤੁਸੀਂ ਪੁੱਛੋ - ਤੁਸੀਂ ਇਹ ਮੰਦਿਰ ਬਣਾਇਆ ਹੈ, ਇਨ੍ਹਾਂ ਨੇ ਇਹ ਪਦ ਕਿਵੇਂ ਪਾਇਆ? ਇਨ੍ਹਾਂ ਦਾ ਰਾਜ ਕਦੋਂ ਸੀ? ਫੇਰ ਇਹ ਕਿੱਥੇ ਗਏ? ਤੁਸੀਂ 84 ਦੀ ਕਹਾਣੀ ਦੱਸੋ ਤਾਂ ਬਹੁਤ ਖੁਸ਼ ਹੋ ਜਾਣਗੇ। ਚਿੱਤਰ ਜੇਬ ਵਿੱਚ ਪਿਆ ਹੋਵੇ। ਤੁਸੀਂ ਕਿਸੇ ਨੂੰ ਵੀ ਸਮਝ ਸਕਦੇ ਹੋ। ਸ਼ੁਰੂ ਵਿੱਚ ਜਿਸਨੇ ਸ਼ਿਵ ਦੀ ਭਗਤੀ ਕੀਤੀ ਹੋਵੇਗੀ, ਉਹ ਸੁਣਦੇ ਰਹਿਣਗੇ ਖੁਸ਼ ਹੁੰਦੇ ਰਹਿਣਗੇ। ਤੁਸੀਂ ਸਮਝ ਜਾਵੋਗੇ ਇਹ ਸਾਡੇ ਕੁੱਲ ਦਾ ਹੈ। ਦਿਨ - ਪ੍ਰਤੀਦਿਨ ਬਾਬਾ ਬਹੁਤ ਸਹਿਜ ਯੁਕਤੀਆਂ ਦੱਸਦੇ ਹਨ। ਤੁਹਾਨੂੰ ਹੁਣ ਸਮਝ ਮਿਲੀ ਹੈ ਪਰਮਪਿਤਾ ਪਰਮਾਤਮਾ ਹੀ ਸਭ ਦਾ ਸਦਗਤੀ ਦਾਤਾ ਹੈ। 21 ਜਨਮਾਂ ਦੇ ਲਈ ਸਤਿਯੁਗੀ ਬਾਦਸ਼ਾਹੀ ਮਿਲ ਜਾਂਦੀ ਹੈ। 21 ਜਨਮਾਂ ਦਾ ਵਰਸਾ ਇਸ ਪੜ੍ਹਾਈ ਨਾਲ ਹੀ ਮਿਲਦਾ ਹੈ। ਟੋਪੀਕ ਵੀ ਬਹੁਤ ਹਨ ਵੈਸ਼ਲਿਆ ਅਤੇ ਸ਼ਿਵਾਲਿਯ ਕਿਸਨੂੰ ਕਿਹਾ ਜਾਂਦਾ ਹੈ- ਇਸ ਟੋਪੀਕ ਤੇ ਅਸੀਂ ਪਰਮਪਿਤਾ ਪਰਮਾਤਮਾ ਦੀ ਜੀਵਨ ਕਹਾਣੀ ਦੱਸ ਸਕਦੇ ਹਾਂ। ਲਕਸ਼ਮੀ - ਨਾਰਾਇਣ ਦੇ 84 ਜਨਮਾਂ ਦੀ ਕਹਾਣੀ - ਇਹ ਵੀ ਟੋਪੀਕ ਹੈ। ਵਿਸ਼ਵ ਵਿੱਚ ਸ਼ਾਂਤੀ ਕਿਵੇਂ ਸੀ, ਫੇਰ ਅਸ਼ਾਂਤੀ ਕਿੱਦਾਂ ਹੋਈ। ਹੁਣ ਫਿਰ ਸ਼ਾਂਤੀ ਕਿਵੇਂ ਸਥਾਪਨ ਹੋ ਰਹੀ ਹੈ - ਇਹ ਵੀ ਟੋਪੀਕ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਹੁਣ ਉੱਤਮ ਪੁਰਖ ਬਣਨ ਦੇ ਲਈ ਯਾਦ ਦੀ ਯਾਤਰਾ ਦੇ ਬਲ ਨਾਲ ਆਤਮਾ ਨੂੰ ਪਵਿੱਤਰ ਬਣਾਉਣਾ ਹੈ। ਕਰਮਿੰਦਰੀਆਂ ਨਾਲ ਕੋਈ ਵੀ ਵਿਕਰਮ ਨਹੀਂ ਕਰਨਾ ਹੈ।

2. ਗਿਆਨਵਾਨ ਬਣ ਆਤਮਾਵਾਂ ਨੂੰ ਸੁਜਾਗ ਕਰਨ ਦੀ ਸੇਵਾ ਕਰਨੀ ਹੈ। ਆਤਮਾ ਰੂਪੀ ਜਯੋਤੀ ਵਿੱਚ ਗਿਆਨ - ਯੋਗ ਦਾ ਘਿਓ ਪਾਉਣਾ ਹੈ। ਸ਼੍ਰੀਮਤ ਤੇ ਬੁੱਧੀ ਨੂੰ ਸਵੱਛ ਬਣਾਉਣਾ ਹੈ।

ਵਰਦਾਨ:- ਪੋਇੰਟਸ ਸਵਰੂਪ ਵਿੱਚ ਸਥਿਤ ਹੋ ਮਨ ਬੁੱਧੀ ਨੂੰ ਨਿਗੇਟਿਵ ਦੇ ਪ੍ਰਭਾਵ ਤੋਂ ਸੇਫ਼ ਰੱਖਣ ਵਾਲੇ ਵਿਸ਼ੇਸ਼ ਆਤਮਾ ਭਵ

ਜਿਵੇਂ ਕੋਈ ਸੀਜ਼ਨ ਹੁੰਦੀ ਹੈ ਤਾਂ ਸੀਜ਼ਨ ਤੋਂ ਬੱਚਨ ਤੋਂ ਲਈ ਉਸੀ ਪ੍ਰਮਾਣ ਅਟੈਂਸ਼ਨ ਰੱਖਿਆ ਜਾਂਦਾ ਹੈ। ਬਾਰਿਸ਼ ਆਏਗੀ ਤਾਂ ਛਾਤਾ, ਰੇਨ
ਕੋਟ ਆਦਿ ਦਾ ਅਟੈਂਸ਼ਨ ਰੱਖਾਂਗੇ। ਸਰਦੀ ਆਏਗੀ ਤਾਂ ਗਰਮ ਕਪੜੇ ਰੱਖਾਂਗੇ … ਇਵੇਂ ਵਰਤਮਾਨ ਸਮੇਂ ਮਨ ਬੁੱਧੀ ਵਿੱਚ ਨਿਗੇਟਿਵ ਭਾਵ ਅਤੇ ਭਾਵਨਾ ਪੈਦਾ ਕਰਨ ਦਾ ਵਿਸ਼ੇਸ਼ ਕੰਮ ਮਾਇਆ ਕਰ ਰਹੀ ਹੈ ਇਸਲਈ ਵਿਸ਼ੇਸ਼ ਸੇਫ਼ਟੀ ਦੇ ਸਾਧਨ ਅਪਣਾਓ। ਇਸਦਾ ਸਹਿਜ ਸਾਧਨ ਹੈ - ਇੱਕ ਪੋਇੰਟਸ ਸਵਰੂਪ ਵਿੱਚ ਸਥਿਤ ਹੋਣਾ। ਆਸਚਾਰਯ ਅਤੇ ਕਵੇਸ਼ਚਨਮਾਰਕ ਦੇ ਬਜਾਏ ਬਿੰਦੂ ਲਗਾਉਣਾ ਮਤਲਬ ਵਿਸ਼ੇਸ਼ ਆਤਮਾ ਬਣਨਾ।

ਸਲੋਗਨ:- ਆਗਿਆਕਾਰੀ ਉਹ ਹੈ ਜੋ ਹਰ ਸੰਕਲਪ, ਬੋਲ ਅਤੇ ਕਰਮ ਵਿੱਚ ਜੀ ਹਜ਼ੂਰ ਕਰਦਾ ਹੈ।

******